# ਗਾਥਾ ਸ਼ਹੀਦ ਮਦਨ ਲਾਲ ਢੀਂਗੜਾ

ਐੱਚ. ਸੀ. ਅਰੋੜਾ, ਐਡਵੋਕੇਟ

*Biography/ Poetry/Punjabi Poetry*

ISBN : 978-93-5204-037-7

**Gaatha Shaheed Madan Lal Dhingra**

*By*

**H.C. Arora, Advocate**
H.No 2299, Sec-44C
Chandigarh
Mob. 98140-13764

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



# ਤਤਕਰਾ

- ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁੱਝ ਤਰਕ: 5
- ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ 7
- ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਣਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼ 9
- ਕ੍ਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਯਾਚਕਾ ਦਾ ਅਸਰ। 12
- ਮੁਖ-ਬੰਦ 13

**ਕਵਿਤਾਵਾਂ**

- ਕਸਮ ਸ਼ਹੀਦਾਂ ਦੀ 15
- ਊਧਮ ਸਿੰਘ ਅਤੇ ਮਦਨ ਲਾਲ ਢੀਂਗੜਾ 17
- ਇੰਡੀਆ ਹਾਊਸ 18
- ਕਰਜ਼ਨ ਵਾਇਲੀ ਦਾ ਕਤਲ 20
- ਅੰਗਰੇਜ਼ੀ ਮੌਤ-ਦੇਸੀ ਵਿਰਲਾਪ 23
- ਇਕਬਾਲੀਆ ਬਿਆਨ 26
- ਸ਼ਹੀਦ ਢੀਂਗੜਾ ਦੀਆਂ ਨਿਸ਼ਾਨੀਆਂ 28
- "ਸ਼ਹੀਦ ਢੀਂਗੜਾ" ਸ਼ਹੀਦੇ ਆਜ਼ਮ ਦੀ ਨਜ਼ਰ ਵਿੱਚ 29
- ਜੱਦੀ ਘਰ 31





ਸ਼ਹੀਦ ਮਦਨ ਲਾਲ ਢੀਂਗੜਾ ਦੇ ਢਹਿ ਚੁਕੇ ਜੱਦੀ ਘਰ ਦੀਆਂ ਦੋ ਤਸਵੀਰਾਂ



**ਸ਼ਹੀਦ ਮਦਨ ਲਾਲ ਢੀਂਗੜਾ ਦੇ ਢੱਠੇ ਹੋਏ ਜੱਦੀ ਘਰ ਨੂੰ ਯਾਦਗਾਰ ਦੇ ਤੌਰ ਤੇ ਨਾਂ ਸਾਂਭਣ ਦੇ ਸਰਕਾਰੀ ਫੈਸਲੇ ਦੇ ਹੱਕ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁੱਝ ਤਰਕ:**

ਨੋਟ: ਐਡਵੋਕੇਟ ਐਚ. ਸੀ. ਅਰੋੜਾ ਵੱਲੋਂ ਦਾਇਰ ਜਨ ਹਿੱਤ ਯਾਚਕਾ, ਸੀ. ਡਬਲਯੂ ਪੀ –3197 ਆਫ 2012 ਵਿੱਚ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਦੀ ਫਰਿਆਦ ਕੀਤੀ ਗਈ ਸੀ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਕਟੜਾ ਸ਼ੇਰ ਸਿੰਘ ਵਿਚਲੇ ਅਧ ਢਹੇ ਜੱਦੀ ਘਰ ਨੂੰ ਸੰਭਾਲਣ ਅਤੇ ਉਸ ਥਾਂ ਤੇ ਉਸ ਦੀ ਯਾਦਗਾਰ ਬਣਾਉਣ ਲਈ ਸੋਚਿਆ ਸਮਝਿਆ ਨਿਰਣਾ ਕਰੇ।

ਪੰਜਾਬ ਸਰਕਾਰ ਵੱਲੋਂ ਸ੍ਰੀ ਨਵਜੋਤ ਪਾਲ ਸਿੰਘ, ਸੰਯੁਕਤ ਨਿਰਦੇਸ਼ਕ, ਸਭਿਆਚਾਰਕ ਵਿਭਾਗ, ਪੰਜਾਬ ਨੇ ਇਕ ਸ਼ਪਥ–ਪੱਤਰ ਦਾਇਰ ਕੀਤਾ, ਜਿਸ ਵਿੱਚ ਮੁੱਖ ਤੌਰ ’ਤੇ ਹੇਠ ਲਿਖੇ ਕਾਰਣ ਦੱਸਦੇ ਹੋਏ ਅਜਿਹਾ ਸਮਾਰਕ ਬਣਾਉਣ ਤੋਂ ਇਨਕਾਰ ਕੀਤਾ ਗਿਆ ਸੀ :

“ਇਸ ਮਾਨਯੋਗ ਅਦਾਲਤ ਦੇ ਮੂਹਰੇ ਬੇਨਤੀ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਵਾਸਤਵ ਵਿੱਚ ਪੰਜਾਬ ਦਾ ਪਹਿਲਾ ਸ਼ਹੀਦ ਸੀ ਅਤੇ ਉਸਦੀ ਆਜ਼ਾਦੀ ਸੰਗਰਾਮ ਅਤੇ ਦੇਸ਼ ਸੇਵਾ ਵਿੱਚ ਦੇਣ ਦਾ ਕੋਈ ਮੁਕਾਬਲਾ ਨਹੀਂ। ਉਹ ਕੌਮ ਦੇ ਸੰਘਰਸ਼ ਦੀ ਪ੍ਰਤਿਨਿਧਤਾ ਕਰਦਾ ਹੈ। ਉਸ ਦੀ ਦੇਸ਼ ਦੀ ਆਜ਼ਾਦੀ ਦੇ ਮੰਤਵ ਲਈ ਦਿੱਤੀ ਗਈ ਕੁਰਬਾਨੀ ਦਾ ਮੁਲ ਕਿਸੇ ਵੀ ਤਰੀਕੇ ਨਹੀਂ ਤਾਰਿਆ ਜਾ ਸਕਦਾ।

ਇਸ ਮੰਤਵ ਲਈ, ਸ਼ਹੀਦ ਮਦਨ ਲਾਲ ਢੀਂਗੜਾ ਦੀ ਸ਼ਾਨ ਵਿੱਚ ਸਮਾਰਕ ਬਣਾਉਣ ਲਈ ਪੰਜਾਬ ਸਰਕਾਰ ਨੂੰ ਬਹੁਤ ਸਾਰੀਆਂ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਇਹਨਾਂ ਤਜਵੀਜ਼ਾਂ ਤੇ ਵਿਚਾਰ ਕਰਨ ਤੋਂ ਪਤਾ ਲੱਗਿਆ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੇ ਤਾਂ ਪਹਿਲਾਂ ਹੀ ਆਪਣਾਂ 350 ਗਜ਼ ਦਾ ਪਲਾਟ ਖੁਲ੍ਹੇ ਬਜ਼ਾਰ ਵਿੱਚ ਵੇਚ ਦਿੱਤਾ ਹੈ, ਅਤੇ ਪਲਾਟ ਦੇ ਖਰੀਦਾਰ ਨੇ ਪਲਾਟ ਉਪਰਲੇ ਪੁਰਾਣੇ ਢਾਂਚੇ ਨੂੰ ਪਹਿਲਾਂ ਹੀ ਢਾਹ ਛਡਿਆ ਹੈ। ਅਜ ਦੀ ਹਾਲਤ ਵਿੱਚ ਸ਼ਹੀਦ ਮਦਨ ਲਾਲ ਢੀਂਗੜਾ ਦੇ ਘਰ ਦੀ ਥਾਂ ਤੇ ਕੇਵਲ ਖਾਲੀ ਪਲਾਟ ਹੈ, ਜਿਵੇਂ ਕਿ

ਅਨੁਲੱਗ ਆਰ-1 ਤੋਂ ਸਪਸ਼ਟ ਹੈ। ਇਹ ਗੁਆਂਢੀਆਂ ਦੇ ਘਰਾਂ ਦੀਆਂ ਇਮਾਰਤਾਂ ਨਾਲ ਘਿਰੀ ਹੋਈ ਹੈ। ਕਿਉਂਕਿ ਇਹ ਸਥਾਨ ਦੋ/ਤਿੰਨ ਮੰਜਲਾ ਘਰਾਂ ਨਾਲ ਘਿਰੀ ਹੋਈ ਹੈ ਅਤੇ ਇਸ ਦੇ ਮੂਹਰੇ ਇੱਕ ਮੰਜ਼ਲਾ ਦੁਕਾਨਾਂ ਹਨ, ਇਸ ਲਈ ਇਸ ਇਮਾਰਤ ਨੂੰ ਉਹਨਾਂ ਖਰੀਦਾਰਾਂ ਕੋਲੋਂ,ਜਿਹਨਾਂ ਨੇ ਇਹ ਜਗ੍ਹਾ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਕੋਲੋਂ ਖਰੀਦੀ ਹੈ, ਖਰੀਦਣਾ ਵਿਹਾਰਕ ਨਹੀਂ। ਇਸ ਤਰ੍ਹਾਂ ਕਿਸੇ ਵੀ ਸੂਰਤ ਵਿੱਚ ਹੁਣ ਇਸ ਜਗ੍ਹਾ ਨੂੰ ਬਣ ਚੁੱਕੇ ਖਰੀਦਾਰ ਤੋਂ ਬਜ਼ਾਰੀ ਕੀਮਤ ਤੇ ਖਰੀਦਣ ਦਾ ਕੇਵਲ ਉਸ ਖਰੀਦਾਰ ਨੂੰ ਹੀ ਲਾਭ ਹੋਵੇਗਾ, ਨਾਂ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੂੰ। ਇਸ ਹਾਲਾਤ ਵਿੱਚ, ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੀ ਯਾਦਗਾਰ ਉਸ ਦੇ ਜੱਦੀ ਘਰ ਵਾਲੀ ਥਾਂ ਤੇ ਨਾ ਬਣਾਈ ਜਾਵੇ।"



## ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ

**ਸੀ. ਡਬਲਯੂ. ਪੀ. 4227 ਆਫ 2007**

**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ)**

**ਯਾਚੀ ਦੀ ਫਰਿਆਦ:**

ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਸੁਖਦੇਵ ਦੇ ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਜੱਦੀ ਘਰ ਨੂੰ ਸਮਾਰਕ ਘੋਸ਼ਿਤ ਕਰ ਕੇ ਇਸ ਦੀ ਸਰਕਾਰ ਵੱਲੋਂ ਸੰਭਾਲ ਕੀਤੀ ਜਾਵੇ।

**ਮਾਨਯੋਗ ਹਾਈ ਕੋਰਟ ਦਾ ਨਿਰਦੇਸ਼:**

ਪੰਜਾਬ ਸਰਕਾਰ ਦਾ ਸ਼ਪਥ-ਪੱਤਰ ਰਿਕਾਰਡ ਤੇ ਲਿਆ ਜਾਂਦਾ ਹੈ।

ਸ਼ਪਥ-ਪੱਤਰ ਦੇ ਪੈਰ੍ਹਾ ਨੰਬਰ 2 ਵਿੱਚ ਲਿਖਿਆ ਗਿਆ ਹੈ ਕਿ ਇਹ ਇਕ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੇ 23 ਮਾਰਚ, 1931 ਨੂੰ ਫਾਂਸੀ ਚੁੰਮ ਕੇ ਦੇਸ਼ ਵਾਸਤੇ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਇਕ ਮਹਾਨ ਕੁਰਬਾਨੀ ਦਿੱਤੀ ਸੀ। ਇਹ ਵੀ ਕਿਹਾ ਗਿਆ ਹੈ ਕਿ ਸ਼ਹੀਦ ਸੁਖਦੇਵ ਦੇ ਰਿਸ਼ਤੇਦਾਰ ਸਰਕਾਰ ਦੀ ਇਸ ਤਜਵੀਜ਼ ਅਨੁਸਾਰ ਇਹ ਥਾਂ ਦਾਨ ਕਰਨ ਲਈ ਸਹਿਮਤ ਨਹੀਂ ਹਨ। ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਇਸ ਜੱਦੀ ਘਰ ਨੂੰ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤਤਵੀ ਥਾਵਾਂ ਅਤੇ ਰਿਮੇਨਜ਼ ਐਕਟ, 1964" ਦੇ ਤਹਿਤ ਸੁਰੱਖਿਅਤ ਯਾਦਗਾਰ ਘੋਸ਼ਿਤ ਕੀਤਾ ਗਿਆ ਹੈ।

ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਸ਼ਪਥ-ਪੱਥਰ ਦੇ ਮੱਦੇ ਨਜ਼ਰ ਇਸ ਯਾਚਕਾ ਦਾ ਨਿਪਟਾਰਾ ਕੀਤਾ ਜਾਂਦਾ ਹੈ ਕਿਉਂਕਿ ਹੁਣ ਕੋਈ ਵੀ ਹਰ ਨਿਰਦੇਸ਼ ਜਾਰੀ ਕਰਨ ਦੀ ਜ਼ਰੂਰਤ ਨਹੀ ਰਹੀ।

17 ਜੁਲਾਈ, 2007 **(ਵਿਜੇਂਦਰ ਜੈਨ)**

ਮੁੱਖ ਜੱਜ

(ਮਹੇਸ਼ ਗਰੋਵਰ)

ਜੱਜ



ਸ਼ਹੀਦ ਸੁਖਦੇਵ ਦਾ ਨੌਘਰਾ ਬਜ਼ਾਰ, ਲੁਧਿਆਣਾ ਵਿਖੇ ਸਥਿਤ ਜੱਦੀ ਘਰ, ਜਿਸ ਨੂੰ ਲੇਖਕ ਦੁਆਰਾ ਦਾਇਰ ਜਨ ਹਿਤ ਯਾਚਕਾ ਦੀ ਸੁਣਵਾਈ ਦੌਰਾਨ "ਸੁਰੱਖਿਅਤ ਸਮਾਰਕ" ਘੋਸ਼ਿਤ ਕਰ ਦਿੱਤਾ ਗਿਆ।



# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਣਾਉਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼

**ਸੀ. ਡਬਲਯੂ. ਪੀ. ਨੰ. 12654 ਆਫ 2007**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਜਨ ਹਿੱਤ ਯਾਚਕਾ ਵਿੱਚ ਉਠਾਇਆ ਗਿਆ ਮੁੱਦਾ :**

ਇਸ ਜਨ ਹਿੱਤ ਯਾਚਿਕਾ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਧਾਚੀ ਵੱਲੋਂ ਫਰਿਆਦ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਇਸ ਅਮਰ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਫੰਡ ਮੁਹੱਈਆ ਕਰਾਵੇ।

**ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੇ ਨਿਰਦੇਸ਼:**

ਸ੍ਰੀ ਟੀ. ਐਸ. ਚਾਹਲ, ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.-1, ਪੀ. ਡਬਲਯੂ. ਡੀ., ਬੀ. ਐਂਡ. ਆਰ., ਲੁਧਿਆਣਾ ਵੱਲੋਂ ਦਾਇਰ ਕੀਤਾ ਸ਼ਪਥ-ਪੱਤਰ ਰਿਕਾਰਡ ਤੇ ਲਿਆ ਜਾਂਦਾ ਹੈ। ਇਸ ਸ਼ਪਥ-ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਦੀ ਉਸਾਰੀ ਲਈ 40 ਲੱਖ ਰੁਪਏ ਦੀ ਰਕਮ ਮਨਜ਼ੂਰ ਕਰ ਦਿੱਤੀ ਗਈ ਹੈ ਅਤੇ ਇਹ ਰਕਮ ਉੱਪ ਮੰਡਲ ਮੈਜਿਸਟਰੇਟ (ਪੂਰਬ), ਲੁਧਿਆਣਾ ਨੂੰ ਹਾਸਲ ਹੋ ਗਈ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਦੀ ਉਸਾਰੀ ਆਦਿ ਅਤੇ ਵਿਖਾਵਟੀ ਦੀਵਾਰਾਂ ਲਈ ਕੁੱਲ 58 ਲੱਖ ਰੁਪਏ ਦੀ ਰਾਸ਼ੀ ਦੀ ਜ਼ਰੂਰਤ ਸੀ, ਜਿਸ ਵਿੱਚੋਂ 28 ਲੱਖ ਰੁਪਏ ਦੀ ਰਾਸ਼ੀ ਨਿਰਦੇਸ਼ਕ, ਛੋਟੀਆਂ ਬੱਚਤਾਂ, ਲੁਧਿਆਣਾ ਤੋਂ ਪਰਾਪਤ ਹੋ ਗਈ ਹੈ, ਜਿਸ ਦੀ ਵਰਤੋਂ ਯਾਦਗਾਰ ਲਈ ਬਣਨ ਵਾਲੇ ਬੁੱਤ ਦੇ ਨਮੂਨੇ ਸੰਬੰਧੀ ਨਿਰਣੇ ਉੱਪਰ ਨਿਰਭਰ ਕਰੇਗੀ।

ਅਸੀਂ ਚਾਹੁੰਦੇ ਹਾਂ ਕਿ ਇਹ ਕਾਰਜ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ।

ਕਾਰਜਕਾਰੀ ਇੰਜੀਨੀਅਰ ਦੇ ਸ਼ਪਥ-ਪੱਤਰ ਦੇ ਮੱਦੇ ਨਜ਼ਰ ਹੁਣ ਕਿਸੇ ਹੋਰ ਨਿਰਦੇਸ਼ ਦੇਣ ਦੀ ਜ਼ਰੂਰਤ ਨਹੀਂ।

ਯਾਚਕਾ ਦਾ ਨਿਪਟਾਰਾ ਕੀਤਾ ਜਾਂਦਾ ਹੈ।

(ਵਿਜੇਂਦਰ ਜੈਨ)

ਜੁਲਾਈ, 2008

ਮੁੱਖ ਜੱਜ

(ਮਹੇਸ਼ ਗਰੋਵਰ)

ਜੱਜ





ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿਖੇ ਸਥਿਤ ਸਮਾਰਕ ਦੇ ਦਰਸ਼ਨ ਕਰਨ ਲਈ ਜਾ ਰਿਹਾ ਲੇਖਕ ਅਤੇ ਉਸ ਦਾ ਦੋਸਤ ਸ੍ਰੀ ਕੁਲਦੀਪ ਸਿੰਘ ਖੇੜਾ।

# ਕ੍ਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਯਾਚਕਾ ਦਾ ਅਸਰ।

**ਸੀ. ਡਬਲਯੂ. ਪੀ. 20236 ਆਫ 2014**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਯਾਚੀ ਦੀ ਫਰਿਆਦ :**

ਇਸ ਯਾਚਕਾ ਵਿੱਚ ਯਾਚੀ-ਐਡਵੋਕੇਟ ਐਚ. ਸੀ. ਅਰੋੜਾ ਨੇ ਗੁਹਾਰ ਲਗਾਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਥਾਪਤ ਕਰਾਂਤੀਕਾਰੀ ਪਾਰਟੀ ਦੇ ਪਹਿਲੇ ਦਫਤਰ ਨੂੰ, ਜਿਹੜਾ ਕਿ ਫਿਰੋਜ਼ਪੁਰ ਵਿੱਚ ਤੂੜੀ ਬਜ਼ਾਰ ਵਿਖੇ ਸਥਿਤ ਹੈ, ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਦੇ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇ।

**ਯਾਚਕਾ ਦਾ ਅਸਰ:**

ਇਸ ਯਾਚਕਾ ਦਾ ਨੋਟਿਸ ਮਿਲਦਿਆਂ ਹੀ ਪੰਜਾਬ ਸਰਕਾਰ ਨੇ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤਤਵੀ ਥਾਵਾਂ ਅਤੇ ਰਿਮੇਂਨਜ਼ ਐਕਟ" ਦੇ ਅੰਤਰਗਤ ਮੁੱਢਲਾ ਨੋਟੀਫਿਕੇਸ਼ਨ ਜਾਰੀ ਕਰਕੇ ਅਖਬਾਰਾਂ ਵਿੱਚ ਛਪਾ ਕੇ ਆਮ ਜਨਤਾ ਕੋਲੋਂ ਦੋ ਮਹੀਨੇ ਦੇ ਸਮੇਂ ਅੰਦਰ ਇਤਰਾਜ਼ ਮੰਗ ਲਏ ਹਨ। ਇਸ ਤਰ੍ਹਾਂ ਸਰਕਾਰ ਨੇ ਕ੍ਰਾਂਤੀਕਾਰੀ ਪਾਰਟੀ ਦੇ ਉਪਰੋਕਤ ਦਫਤਰ ਨੂੰ ਸੁਰੱਖਿਅਤ ਸਮਾਰਕ ਘੋਸ਼ਤ ਕਰਨ ਦੀ ਦਿਸ਼ਾ ਵਿੱਚ ਪਹਿਲਾ ਕਦਮ ਚੁੱਕ ਲਿਆ ਹੈ।



# ਮੁਖ-ਬੰਦ

'ਗਾਥਾ ਸ਼ਹੀਦ ਭਗਤ ਸਿੰਘ' ਨੂੰ ਪੰਜਾਬ ਦੀ ਬਹਾਦਰ ਜਨਤਾ ਨੂੰ ਅਰਪਣ ਕਰਨ ਤੋਂ ਬਾਅਦ ਹੁਣ ਉਸੇ ਲੜੀ ਵਿੱਚ 'ਗਾਥਾ ਸ਼ਹੀਦ ਮਦਨ ਲਾਲ ਢੀਂਗੜਾ' ਵੀ ਭੇਂਟ ਕਰ ਰਿਹਾ ਹਾਂ। ਇਹ ਕਿਤਾਬ ਲਿਖਦੇ ਸਮੇ ਮੈ ਇਤਿਹਾਸਕਾਰ ਮਲਵਿੰਦਰਜੀਤ ਸਿੰਘ ਵੜੈਚ ਵੱਲੋਂ ਸੰਪਾਦਿਤ ਕਿਤਾਬ "RYST WITH MARTYRDOM-TRIAL OF MADAN LAL DHINGRA" ਤੋਂ ਕਾਫੀ ਪ੍ਰੇਰਣਾ ਲਈ ਹੈ।

ਆਸ ਕਰਦਾ ਹਾਂ ਕਿ ਮੇਰੀ ਇਹ ਨਿਮਾਣੀਂ ਜਿਹੀ ਕੋਸ਼ਿਸ਼ ਆਪ ਜੀ ਨੂੰ ਪਸੰਦ ਆਵੇਗੀ।

**ਚੰਡੀਗੜ੍ਹ** — ਐਚ. ਸੀ. ਅਰੋੜਾ
ਮਿਤੀ:1.1.2015 — ਐਡਵੋਕੇਟ

## ਕਸਮ ਸ਼ਹੀਦਾਂ ਦੀ

ਨਸ਼ਿਆਂ ਨੂੰ ਛੱਡੋ ਯਾਰ
ਕਸਮ ਸ਼ਹੀਦਾਂ ਦੀ
ਦੁਨੀਆਂ ਵਿੱਚ ਆਵੋ ਬਾਹਰ
ਕਸਮ ਸ਼ਹੀਦਾਂ ਦੀ।

ਔਣ ਵਾਲੀਆਂ ਨਸਲਾਂ ਉੱਤੇ
ਕਰ ਲਉ ਕੁਝ ਉਪਕਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਜੇਕਰ ਯਾਰੋ ਭਗਤ ਸਿੰਘ ਨੂੰ
ਕਰਦੇ ਤੁਸੀਂ ਪਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਫੌਜ 'ਚ ਭਰਤੀ ਹੋ ਕੇ
ਵੈਰੀ ਤੇ ਜੇ ਕਰਨਾ ਵਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਮਾਰਸ਼ਲ ਕੌਮ ਦਾ ਇਸ ਤਰ੍ਹਾਂ
ਨਾਂ ਕਰਿਉ ਨਰਸੰਹਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਨਸ਼ੇੜੂ ਛੜਿਆਂ ਦੀ
ਨਾ ਪੈਦਾ ਕਰੋ ਕਤਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਅੱਜ ਕੱਲ੍ਹ ਦੇ ਉਡਵਾਇਰ ਯਾਰੋ
ਮਾਰਨ ਗੁੱਝੀ ਮਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਬੇਧਿਆਨੀ ਵਿੱਚ ਦੁਸ਼ਮਣ ਦੇ
ਹੱਥੀਂ ਚੜ੍ਹੋ ਨਾ ਯਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਥੋਡੇ ਵਿੱਚੋਂ ਭਗਤ ਸਿੰਘ
ਤੇ ਊਧਮ ਕਰੋ ਤਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।



## ਊਧਮ ਸਿੰਘ ਅਤੇ ਮਦਨ ਲਾਲ ਢੀਂਗੜਾ

ਉਹਦੇ ਆਖਰੀ ਸਫਰ ਵਿੱਚ ਨਾਲ ਢੀਂਗੜਾ
ਮਦਨ ਲਾਲ ਢੀਂਗੜਾ
ਥੋੜੀ ਥੋੜੀ ਦੂਰ ਗਹਿਰੀ ਨੀਂਦ ਸੁੱਤੇ ਸੀ
ਸ਼ਹੀਦ ਊਧਮ ਸਿੰਘ ਅਤੇ
ਮਦਨ ਲਾਲ ਢੀਂਗੜਾ।

ਇੱਕੋ ਜੇਲ੍ਹ ਵਿੱਚ ਦੋਨਾਂ ਨੂੰ ਹੀ ਫਾਂਸੀ ਹੋਈ ਸੀ
ਦੋਹਾਂ ਸੂਰਮਿਆਂ ਨੇ ਹੀ ਜਾਨ ਵਾਰੀ ਦੇਸ਼ ਤੋਂ
ਦੋਵੇਂ ਚੱਲ ਕੇ ਸਮੁੰਦਰਾਂ ਤੋਂ ਪਾਰ ਗਏ ਸੀ
ਦੋਹਾਂ ਇੰਗਲੈਂਡ ਵਿੱਚ ਜਾਨ ਵਾਰੀ ਦੇਸ਼ ਤੋਂ।

ਦੋਵੇਂ ਹੀ ਪੰਜਾਬ ਦੇ ਸੀ ਪੁੱਤ ਗੱਭਰੂ
ਦੋਹਾਂ ਸਿਰ ਉੱਚਾ ਕਰ ਦਿੱਤਾ ਸੀ ਪੰਜਾਬ ਦਾ
ਦੋਹਾਂ ਨੇ ਹੀ ਛਾਤੀ ਠਾਰੀ ਸੀ ਪੰਜਾਬ ਦੀ
ਦੋਹਾਂ ਨੇ ਹੀ ਦੁੱਧ ਪੀਤਾ ਸੀ ਪੰਜਾਬ ਦਾ।

ਦੋਹਾਂ ਛਾਤੀ ਵਿੱਚ ਜ਼ਾਲਮਾਂ ਦੇ ਗੋਲੀ ਮਾਰੀ ਸੀ
ਦੋਹਾਂ ਬਦਲਾ ਚੁਕਾਇਆ ਗੋਰਿਆਂ ਦੇ ਪਾਪ ਦਾ
ਮੇਰਾ ਦੋਹਾਂ ਦੇ ਹੀ ਅੱਗੇ ਸਦਾ ਸਿਰ ਝੁਕਿਆ
ਪੂਰੀ ਸ਼ਰਧਾ ਦੇ ਨਾਲ ਹਰੀ ਚੰਦ ਆਖਦਾ।

ਮੇਰੇ ਦਿਲ ਵਿੱਚ ਜਿੱਥੇ ਊਧਮ ਸਿੰਘ ਦੀ ਹੈ ਥਾਂ
ਓਸੇ ਜਗ੍ਹਾ ਵਿੱਚ ਵੱਸੇ ਮਦਨ ਲਾਲ ਢੀਂਗੜਾ
ਸੂਰਬੀਰ ਊਧਮ ਸਿੰਘ ਵਚਨ-ਪਾਲ ਢੀਂਗੜਾ
ਉਹਦੇ ਕੋਲ ਢੀਂਗੜਾ ਉਹਦੇ ਨਾਲ ਢੀਂਗੜਾ।

## ਇੰਡੀਆ ਹਾਊਸ

ਸਾਡੇ ਇੰਡੀਆ ਹਾਊਸ ਦੀ
ਵੱਖਰੀ ਲੰਦਨ ਵਿੱਚ ਪਛਾਣ
ਜਿਸ ਦਾ ਮਾਲਕ ਵਰਮਾ ਸੀ
ਪੜ੍ਹਿਆ ਲਿਖਿਆ ਤੇ ਬਲਵਾਨ।

ਫੈਲੋਸ਼ਿੱਪ ਕਰਾਂਦਾ ਸੀ
ਸਾਡੇ ਦਸਮ ਪਿਤਾ ਦੇ ਨਾਂ ਤੇ
ਦੂਸਰੀ ਫੈਲੋਸ਼ਿੱਪ ਦਿੰਦਾ
ਸ਼ਿਵਾ ਜੀ ਮਰਹੱਟੇ ਦੇ ਨਾਂ ਤੇ।

ਉਸ ਨੇ ਕਰੜੀਆਂ ਰੱਖੀਆਂ ਸੀ
ਬਹੁਤ ਹੀ ਫੈਲੋਸ਼ਿੱਪ ਦੀਆਂ ਸ਼ਰਤਾਂ
ਲਿਖ ਕੇ ਦੇਣਾ ਪੈਂਦਾ ਸੀ
ਕਿ ਮੈਂ ਜਦ ਵੀ ਦੇਸ਼ ਨੂੰ ਪਰਤਾਂ
ਕੋਈ ਵੀ ਅਹੁਦਾ ਨਹੀਂ ਲੈਣਾ
ਕਦੇ ਵੀ ਅੰਗਰੇਜ਼ਾਂ ਦੇ ਥੱਲੇ
ਇਸ ਤਰ੍ਹਾਂ ਉਹ ਕਰਦੇ ਸੀ
ਇੰਡੀਆ ਹਾਊਸ ਦੀ ਬੱਲੇ-ਬੱਲੇ।

ਏਥੇ  ਵੀਰ ਸਾਵਰਕਰ ਨੇ
ਆ ਕੇ ਫੈਲੋਸ਼ਿੱਪ ਸੀ ਕੀਤੀ
ਮਦਨ ਲਾਲ ਢੀਂਗੜੇ ਨੇ
ਘੁੱਟੀ ਦੇਸ਼ ਪਿਆਰ ਦੀ ਪੀਤੀ।
ਠਾਰਾਂ ਸੌ ਸਤਵੰਜਾ ਦੇ ਗਦਰ ਦੀ
ਬਰਸੀ ਖੂਬ ਮਨੌਂਦੇ
ਦੇਸ਼ ਪਿਆਰ ਦੇ ਗੀਤਾਂ ਨੂੰ



ਗਾ ਕੇ ਰੌਣਕ ਖੂਬ ਲਗੌਂਦੇ
ਉਥੇ ਮੁੰਡੇ ਕਾਲਜ  ਦੇ
ਵੱਡੀ ਗਿਣਤੀ ਵਿੱਚ ਸੀ ਔਂਦੇ
ਦੇਸ਼ ਪਿਆਰ ਦੀ ਸੌਂਹ ਚੁੱਕਦੇ
ਛਾਤੀ ਉੱਤੇ ਬੈਜ ਲਵੌਂਦੇ।

ਇੰਡੀਆ ਹਾਊਸ 'ਚ ਲੈ ਲਈ ਸੀ
ਢੀਂਗੜੇ ਦੇਸ਼ ਪਰੇਮ ਦੀ ਘੁੱਟੀ
ਸੰਨ ਸੀ ਉਨੀ ਸੌ ਛੇ ਦਾ
ਉਸ ਨੇ ਜਦੋਂ ਪਲਾਂਘ ਸੀ ਪੁੱਟੀ।

ਸਭ ਤੋਂ ਮੂਹਰੇ ਖੜ ਗਿਆ ਸੀ
ਸਭ ਤੋਂ ਪਹਿਲਾਂ  ਫਾਂਸੀ ਚੜ੍ਹ ਕੇ
ਕਰਜ਼ਨ ਵਾਇਲੀ ਮਾਰਿਆ ਸੀ
ਉਸ ਨੇ ਲੰਦਨ ਦੇ ਵਿੱਚ ਖੜ੍ਹ ਕੇ।

ਅੱਜ ਮੈਂ ਪਰਤਾਂ ਖੋਲ੍ਹਾਂਗਾ
ਲਿਖ ਕੇ ਉਸ ਦੀ ਅਮਰ ਕਹਾਣੀ
ਮਦਨ ਲਾਲ ਢੀਂਗੜੇ ਦੀ
ਲੇਖੇ ਲੱਗੀ ਸੀ ਕੁਰਬਾਨੀ
ਉਸ ਤੇ ਕਰਦਾ ਨਾਜ਼ 'ਅਰੋੜਾ'
ਹਰ ਇਕ ਸੱਚਾ ਹਿੰਦੁਸਤਾਨੀ।

# ਕਰਜ਼ਨ ਵਾਇਲੀ ਦਾ ਕਤਲ
## (1.7.2009)

ਉਸਨੇ ਕਰਜ਼ਨ ਵਾਇਲੀ ਮਾਰਿਆ
ਜਿਸ ਨੇ ਚੱਕੀ ਹੋਈ ਸੀ ਅੱਤ
ਜਿਹੜਾ ਮੁਖਬਰ ਸੀ ਅੰਗਰੇਜ਼ ਦਾ
ਯਾਰੋ ਸ਼ਤ ਪ੍ਰਤੀਸ਼ਤ।

ਕਿੰਨੇ ਲੋਕ ਮਰਾਏ ਉਸ ਨੇ
ਦੇ ਦੇ ਕੇ ਇਤਲਾਹਾਂ
ਕਿੰਨੇ ਲੋਕੀਂ ਟੰਗੇ ਉਸ ਨੇ
ਦੇ ਕੇ ਨੇਕ ਸਲਾਹਾਂ।

ਢੀਂਗੜੇ ਦੇ ਬਾਪੂ ਨਾਲ ਪਾ ਲਈ
ਕਰਜ਼ਨ  ਵਾਇਲੀ ਯਾਰੀ
ਰਾਏ ਸਾਹਬ" ਦਾ ਅਹੁਦਾ ਦਿੱਤਾ
ਮਦਦ ਕੀਤੀ ਭਾਰੀ।

ਦੋਹਾਂ ਯਾਰਾਂ ਕੱਲੇ ਬਹਿ ਕੇ
ਖਿਚੜੀ ਇਹੋ ਪਕਾਈ
ਮਦਨ ਲਾਲ ਨੂੰ ਕਰਨ ਲਈ ਭੇਜੋ
ਲੰਦਨ ਵਿੱਚ ਪੜ੍ਹਾਈ।

ਲੰਦਨ ਦੇ ਵਿੱਚ ਵਾਇਲੀ ਨੇ
ਬੜਾ ਹੀ ਵੱਡਾ ਜਾਲ ਫੈਲਾਇਆ
ਮਦਨ ਲਾਲ ਨੇ ਵਾਇਲੀ ਨੂੰ ਐਪਰ
ਬਿਲਕੁਲ ਮੂੰਹ ਨਾ ਲਾਇਆ।



ਵਾਇਲੀ ਨੇ ਸੀ ਉਸ ਦੇ ਰੁਖ ਦਾ
ਬਹੁਤ ਹੀ ਬੁਰਾ ਮੰਨਾਇਆ
ਮਦਨ ਲਾਲ ਦੇ ਭਾਈ ਨੇ ਵੀ
ਗੁੱਸਾ ਬਹੁਤ ਮਨਾਇਆ।

"ਐਂਗਲੋ-ਇੰਡੀਅਨ" ਸਾਡੇ ਘਰ ਵਿੱਚ
ਕਿਉਂ ਦਖਲ ਹੈ ਦਿੰਦਾ
ਮਦਨ ਲਾਲ ਸੀ ਏਸ ਦਖਲ ਨੂੰ
"ਵਾਹਯਾਤੀ" ਕਹਿੰਦਾ।

ਕਰਜ਼ਨ ਵਾਇਲੀ ਨੂੰ ਮਾਰਨ ਦੀ
ਉਸ ਨੇ ਦਿਲ ਦੇ ਅੰਦਰ ਠਾਣੀ
ਐਸੀ ਥਾਂ ਤੇ ਮਾਰਨਾ ਉਸ ਨੂੰ
ਮੰਗ ਨਾ ਸਕੇ ਪਾਣੀ।

ਵੀਰ ਸਾਵਰਕਰ ਨੇ ਵੀ ਉਸ ਨੂੰ
ਹੱਲਾ-ਸ਼ੇਰੀ ਦਿੱਤੀ
ਵੱਡੇ ਭਾਈ ਦੀ ਥਾਪੀ ਨੇ
ਬਹੁਤ ਦਲੇਰੀ ਦਿੱਤੀ।

ਇਕ ਦਿਨ ਸੁਬਹਾ ਨਹਾ ਕੇ ਉਸ ਨੇ
ਪਿਸਟਲ ਜੇਬ ਚ ਪਾਇਆ
ਖੂਬ ਨਿਸ਼ਾਨੇ ਲਾ ਕੇ ਵਾਪਸ
ਆਪਣੇ ਘਰ ਨੂੰ ਆਇਆ।

ਰੰਗ ਬਰੰਗਾ ਸੂਟ ਓਸ ਨੇ
ਚਾਵਾਂ ਦੇ ਨਾਲ ਪਾਇਆ
ਸ਼ਮਲੇ ਵਾਲੀ ਪੱਗ ਸਜਾ ਕੇ
ਗੂੜ੍ਹਾ ਚਸ਼ਮਾ ਲਾਇਆ।

ਰਾਤ ਦੇ ਦਸ ਵਜੇ ਸੀ ਜਦ ਉਹ
ਇੰਪੀਰੀਅਲ ਹਾਊਸ 'ਚ ਆਇਆ
ਕਰਜ਼ਨ ਵਾਇਲੀ ਹੱਥ ਮਿਲੌਂਦਾ
ਉਸ ਵੱਲ ਵਧਦਾ ਆਇਆ।

ਹੈਲੋ ਕਰਨਲ ਆਖ ਕੇ ਉਸ ਨੇ
ਹੱਥ ਜੇਬ ਵਿੱਚ ਪਾਇਆ
ਪਿਸਟਲ ਉਸ ਨੇ ਜੇਬ 'ਚੋਂ ਕੱਢ ਕੇ
ਕਰਜ਼ਨ ਉੱਤੇ ਚਲਾਇਆ।

ਚੀਖ ਮਾਰ ਕੇ ਡਿੱਗਿਆ ਕਰਜ਼ਨ
ਮਾਰ ਤਾ-ਮਾਰ ਤਾ ਹੋ ਗਈ
ਘੜੀ ਦੀ ਸੂਈ ਲਗਦਾ ਸੀ ਕਿ
ਝਟਕੇ ਨਾਲ ਖੜੋ ਗਈ।

ਡਾਕਟਰ ਲਾਲ ਕਾਕਾ ਨੇ ਜਦੋਂ
ਅੱਗੇ ਕਦਮ ਵਧਾਇਆ
ਦੋ ਗੋਲੀਆਂ ਮਾਰ ਮਦਨ ਨੇ
ਉਸ ਦਾ ਕੰਮ ਮੁਕਾਇਆ।

ਮੁਖਬਰ ਦੇ ਨਾਲ ਜੋ ਹੁੰਦਾ ਹੈ
ਕਰਜ਼ਨ ਦੇ ਨਾਲ ਹੋਇਆ
ਮੁਖਬਰ ਵਾਂਗੂੰ ਜੀਂਦਾ ਰਿਹਾ
ਤੇ ਮੁਖਬਰ ਵਾਂਗੂੰ ਮੋਇਆ।



## ਅੰਗਰੇਜ਼ੀ ਮੌਤ-ਦੇਸੀ ਵਿਰਲਾਪ

ਵੇ ਤੂੰ ਕਰਜ਼ਨ ਵਾਇਲੀ ਮਾਰ ਕੇ
ਦਿੱਤੀ ਹਾਹਾਕਾਰ ਮਚਾ
ਅਸੀਂ ਪਿੱਠੂ ਸਾਂ ਅੰਗਰੇਜ਼ ਦੇ
ਸਾਡੀ ਦਿੱਤੀ ਕੰਡ ਲਵਾ
ਸਾਡੀ ਅਰਜਿਤ ਕੀਤੀ ਸਾਖ ਨੂੰ
ਦਿੱਤਾ ਮਿੱਟੀ ਵਿੱਚ ਮਿਲਾ
ਓ ਮਦਨ ਲਾਲ ਢੀਂਗੜਿਆ।
ਸੀ. ਐਲ. ਢੀਂਗੜਾ ਖੁੱਲ੍ਹ ਕੇ ਬੋਲਿਆ
ਸਾਡਾ ਪਾਗਲ ਹੋਇਆ ਭਰਾ।

ਭਜਨ ਢੀਂਗੜਾ ਵੀ ਸੀ ਬੋਲਿਆ
ਸਾਡਾ ਪਾਗਲ ਹੈ ਭਰਾ
ਆਪ ਤਾਂ ਫਾਂਸੀ ਚੜੂਗਾ
ਲਗਦੈ ਸਾਨੂੰ ਦੇਊ ਮਰਾ।
ਸਾਨੂੰ ਇਹ ਵੀ ਸ਼ੱਕ ਹੈ ਜਾਪਦਾ
ਉਸ ਦੇ ਪਿੱਛੇ ਹੈ ਕੋਈ ਹੋਰ
ਜਿਹੜਾ ਸਾਡੇ ਨਾਲ ਸੀ ਜਲਦਾ
ਨਾਲੇ ਰੱਖਦਾ ਸੀ ਕੋਈ ਖੋਰ।

ਓਧਰ ਕੁਝ ਕੁ ਹਿੰਦੁਸਤਾਨੀਆਂ
ਆਖਿਆ ਕਰਜ਼ਨ ਸਾਡਾ ਭਰਾ
ਉਹਨਾਂ ਮਦਨ ਲਾਲ ਦੀ ਨਿੰਦਾ ਦਾ ਸੀ
ਮਤਾ ਵੀ ਦਿੱਤਾ ਪਾ
ਉਹਨਾਂ ਆਖਿਆ ਮਦਨ ਲਾਲ ਨੇ
ਦਿੱਤਾ ਸਾਡਾ ਸਿਰ ਝੁਕਾ।
ਯਾਰੋ ਮਦਨ ਲਾਲ ਦੇ ਉਲਟ ਸੀ

ਬੋਲਿਆ ਡਟ ਕੇ ਆਗ੍ਹਾ ਖਾਨ
ਸਾਨੂੰ ਧੀਂਗੜੇ ਤੇ ਸ਼ਰਮਿੰਦਗੀ
ਕਰਜ਼ਨ ਵਾਇਲੀ ਉੱਤੇ ਮਾਣ

ਪੂਰੇ ਰੋਹ ਨਾਲ ਸੀ ਬੋਲਿਆ
ਨੇਤਾ ਬਿੱਪਨ ਚੰਦਰ ਪਾਲ
ਸਾਨੂੰ ਥਾਂ ਨਹੀਂ ਲੱਭਦੀ ਲੁਕਣ ਨੂੰ
ਸਿਰ ਹੈ ਝੁਕਿਆ ਸ਼ਰਮ ਦੇ ਨਾਲ।

ਕੁਝ ਕੁ ਹਿੰਦੁਸਤਾਨੀਆਂ ਕੀਤੀ
ਏਟੀ ਕਲੱਬ ਚ ਮੀਟ
ਦੋ ਮਿੰਟ ਦੇ ਮੌਨ ਦੀ
ਉਹਨਾਂ ਖੂਬ ਨਿਭਾਈ ਰੀਤ
ਕਹਿੰਦੇ ਦੁਨੀਆਂ ਵਿੱਚ ਨਹੀਂ ਹੋਣਾ
ਕਰਜ਼ਨ ਵਾਇਲੀ ਜਿਹਾ ਇਨਸਾਨ
ਪੂਰਾ ਵਫਾਦਾਰ ਅੰਗਰੇਜ਼ ਦਾ
ਸਾਡਾ ਸਾਰਾ ਹਿੰਦੁਸਤਾਨ
ਕਰਜ਼ਨ ਵਾਇਲੀ ਮਾਰਨ ਵਾਲਾ
ਸਾਡੀਆਂ ਨਜ਼ਰਾਂ ਵਿੱਚ ਸ਼ੈਤਾਨ
ਹਿੰਸਾ ਦਾ ਪੱਖ ਨਹੀਂ ਪੂਰਦਾ
ਸਾਡਾ ਕਦੇ ਵੀ ਹਿੰਦੁਸਤਾਨ।

ਨਿਊ ਰਿਫਾਰਮ ਕਲੱਬ 'ਚ ਹੋਈ
ਏਸੇ ਤਰ੍ਹਾਂ ਦੀ ਮੀਟ
ਸੁਰਿੰਦਰ ਨਾਥ ਬੈਨਰਜੀ ਉੱਥੇ
ਫੇਰ ਨਿਭਾਈ ਰੀਤ
ਉਸ ਨੇ ਪੂਰਾ ਜ਼ੋਰ ਲਗਾ ਕੇ
ਕੀਤੀ ਹਿੰਦੀਆਂ ਤਾਈਂ ਅਪੀਲ



ਕਹਿੰਦਾ ਮੋਢਾ ਦਿਓ ਸਰਕਾਰ ਨੂੰ
ਬਣ ਕੇ ਅੰਗਰੇਜ਼ਾਂ ਦੇ ਮੀਤ।
ਉਧਰ ਗੋਪਾਲ ਕਰਿਸ਼ਨ ਗੋਖਲੇ
ਛੱਡੀ ਬੰਬੇ ਵਿੱਚ ਲਲਕਾਰ
ਕਹਿੰਦਾ ਮਦਨ ਲਾਲ ਢੀਂਗੜੇ
ਸਾਨੂੰ ਜਿਉਂਦਿਆਂ ਦਿੱਤਾ ਮਾਰ,

ਕੀਹਦੀ-ਕੀਹਦੀ ਗੱਲ ਕਰਾਂ ਮੈਂ
ਕਿੱਥੋਂ ਸ਼ਬਦ ਲਿਆਵਾਂ
ਕਿਹੜੇ-ਕਿਹੜੇ ਨੇਤਾ ਦੇ ਮੈਂ
ਮੂੰਹ ਦੇ ਸ਼ਬਦ ਸੁਣਾਵਾਂ

ਮੈਂ ਹਾਂ ਸੱਚਾ ਹਿੰਦੁਸਤਾਨੀ ਹੋਰ ਮੈਂ
ਸੁਣ ਨਹੀਂ ਸਕਦਾ ਗਾਲ੍ਹਾਂ
ਨਾ ਮੈਂ ਕਿਸੇ ਵੀ ਨੇਤਾ ਦੇ ਲਈ
ਭਰਮ ਹੀ ਦਿਲ ਵਿੱਚ ਪਾਲਾਂ।

## ਇਕਬਾਲੀਆ ਬਿਆਨ
## (10.7.2009)

ਮੇਰਾ ਇਹ ਬਿਆਨ
ਸੁਣਦਾ ਸਾਰਾ ਹਿੰਦੁਸਤਾਨ
ਜੱਜ ਸਾਹਬ ਠੀਕ ਠੀਕ
ਲਿਖਿਉ ਬਿਆਨ।

ਮੇਰੇ ਦੇਸ਼ ਦੇ ਕਿੰਨੇ ਗੱਭਰੂ
ਗੋਰਿਆਂ ਮਾਰ ਮੁਕਾਏ
ਕਿੰਨੇ ਕਾਲੇ ਪਾਣੀ ਭੇਜੇ
ਕਿੰਨੇ ਫਾਂਸੀ ਲਾਏ।

ਕਰਜ਼ਨ ਵਾਇਲੀ ਮਾਰ ਕੇ ਤਾਂ
ਮੈਂ ਆਪਣਾ ਫਰਜ਼ ਨਿਭਾਇਆ
ਇਸੇ ਵਾਸਤੇ ਇੰਡੀਆ 'ਚੋਂ ਮੈਂ
ਚੱਲ ਕੇ ਲੰਦਣ ਆਇਆ।

ਮੇਰੇ ਕੋਲੇ ਫੌਜ ਤਾਂ ਹੈ ਨਹੀਂ
ਕਿੱਦਾਂ ਕਰਾਂ ਲੜਾਈ
ਏਸੇ ਕਰਕੇ ਚੋਰੀ ਚੋਰੀ
ਗੋਲੀ ਮੈਂ ਚਲਾਈ।

ਕੱਲਾ ਕੱਲਾ ਹਿੰਦੀ ਜੇਕਰ
ਦੋ ਗੋਰੇ ਵੀ ਮਾਰੇ
ਛੱਡ ਕੇ ਹਿੰਦੁਸਤਾਨ ਨੂੰ ਭੱਜਣ
ਹੋਵਣ ਬੇਸਹਾਰੇ।

ਹਿੰਦੂ ਹੋਣ ਦਾ ਗਰਵ ਹੈ ਮੈਨੂੰ
ਮੈਂ ਹਾਂ ਹਿੰਦੁਸਤਾਨੀ



ਭਾਰਤ ਮਾਤਾ ਵਾਸਤੇ ਕੋਈ ਵੀ
ਕਰ ਸਕਦਾਂ ਕੁਰਬਾਨੀ।
ਜਦ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ
ਚੱਲਦੀ ਰਹੂ ਲੜਾਈ
ਗੋਰਿਆਂ ਦੀ ਇਸ ਦੁਨੀਆਂ ਵਿੱਚੋਂ
ਕਰਨੀ ਪਊ ਸਫਾਈ।

ਮੇਰੀ ਇਹੋ ਖਾਹਿਸ਼ ਕਿ
ਵਾਰੀ ਵਾਰੀ ਇੱਥੇ ਜੰਮਾਂ
ਇਕ ਜਨਮ ਤਾਂ ਬਹੁਤ ਹੀ ਥੋੜਾ
ਮਿਸ਼ਨ ਬਹੁਤ ਹੈ ਲੰਮਾ।

ਮੈਂ ਤਾਂ ਬਿਆਨ ਦੀ ਕਾਪੀ ਲਿਖ ਕੇ
ਜੇਬ ਦੇ ਅੰਦਰ ਰੱਖੀ
ਦੂਜੀ ਕਾਪੀ ਪੁਲਸ ਨੇ ਮੇਰੇ
ਕਮਰੇ ਵਿੱਚੋਂ ਚੱਕੀ।

ਜੱਜ ਨੇ ਮੇਰਾ ਲਿਖਤ ਬਿਆਨ
ਸੀਲ ਬੰਦ ਕਰ ਦਿੱਤਾ
ਬਿਆਨ ਮੇਰਾ ਦੁਨੀਆਂ ਮੂਹਰੇ
ਆਵਣ ਹੀ ਨਹੀਂ ਦਿੱਤਾ।

ਜੱਜ ਸਾਹਬ ਨਹੀਂ ਚਾਹੁੰਦਾ ਸੀ ਕਿ
ਆਵੇ ਕੋਈ ਤੂਫਾਨ
ਏਸੇ ਲਈ ਮੈ ਦੇਵਣ ਲੱਗਾਂ
ਮੂੰਹ ਜ਼ਬਾਨੀ ਬਿਆਨ।

ਮੇਰਾ ਇਹ ਬਿਆਨ
ਸੁਣਦਾ ਸਾਰਾ ਹਿੰਦੁਸਤਾਨ
ਜੱਜ ਸਾਹਬ ਠੀਕ-ਠੀਕ
ਲਿਖਿਉ ਬਿਆਨ।

## ਸ਼ਹੀਦ ਢੀਂਗੜਾ ਦੀਆਂ ਨਿਸ਼ਾਨੀਆਂ

ਆਓ ਇੰਗਲੈਂਡ ਦੀ ਉੜਾਣ ਮੱਲੀਏ
ਲੰਦਨ ਦੇ ਮਾਲ ਖਾਨੇ* ਵਿੱਚ ਚੱਲੀਏ
ਢੀਂਗੜੇ ਦਾ ਲੈ ਕੇ ਪਿਸਤੌਲ ਆਵਣਾ
ਇਸ ਤਰ੍ਹਾਂ ਪਰਮ ਆਨੰਦ ਪਾਵਣਾ।

ਉਹਦੀ ਸ਼ਰਟ ਤੇ ਬੰਦੇ ਮਾਤਰਮ ਲਿਖਿਆ
ਸਾਨੂੰ ਦੇਸ਼ ਦੇ ਪਰੇਮ ਦੀ ਉਹ ਦੇਵੇ ਸਿੱਖਿਆ
ਉਹਦੀ ਡਾਇਰੀ ਵੀ ਹੈ ਪੂਰੇ ਮਾਣ ਨਾਲ ਪੜ੍ਹਨੀ
ਫਿਰ ਵਾਪਸੀ ਦੀ ਲੰਦਨੋ ਉੜਾਣ ਭਰਨੀ।

ਪੂਰੇ ਦੋ ਨੇ ਸੰਦੂਖ ਭਰੇ ਹੋਏ ਸਮਾਨ ਦੇ
ਵਿੱਚ ਕਿਹੜੀ-ਕਿਹੜੀ ਚੀਜ਼ ਅਸੀਂ ਨਹੀਂ ਜਾਣਦੇ
ਆ ਕੇ ਦੇਸ਼ ਮੂਹਰੇ ਭਰਿਆ ਸੰਦੂਖ ਖੋਲ੍ਹਣਾ
ਪੂਰਾ ਕਰਨਾ ਹੈ ਵਾਦਾ ਅਸੀਂ ਨਹੀਂ ਡੋਲਣਾ।

ਅਸੀਂ ਐਵੇਂ ਕਦੇ ਫੋਕੀਆਂ ਫੜਾਂ ਨਹੀਂ ਮਾਰੀਆਂ
ਅਸੀਂ ਖੇਲਦੇ ਤਾਂ ਬਾਜ਼ੀਆਂ ਕਦੇ ਨਹੀਂ ਹਾਰੀਆਂ
ਖੜ੍ਹੀ ਕਰੋ ਯਾਦਗਾਰ ਕਰ ਲਓ ਤਿਆਰੀਆਂ
ਫਿਰ ਬੱਚਿਆਂ ਦੇ ਵਾਂਗ ਮਾਰੋ ਕਿਲਕਾਰੀਆਂ।

ਆਓ ਇੰਗਲੈਂਡ ਦੀ ਉੜਾਣ ਮੱਲੀਏ
ਅਸੀਂ ਲੰਦਨ ਦੇ ਮਾਲ ਖਾਨੇ* ਵਿੱਚ ਚੱਲੀਏ
ਅਸੀਂ ਢੀਂਗੜੇ ਦਾ ਲੈ ਕੇ ਪਿਸਤੌਲ ਆਵਣਾ
ਅਸੀਂ ਇਸ ਤਰ੍ਹਾਂ ਪਰਮ ਆਨੰਦ ਪਾਵਣਾ।

*ਸ਼ਹੀਦ ਮਦਨ ਲਾਲ ਢੀਂਗੜਾ ਦੀਆਂ ਇਹ ਨਿਸ਼ਾਨੀਆਂ ਲੰਦਨ ਦੇ ਬਲੈਕ ਮਿਊਜ਼ਿਅਮ ਵਿੱਚ ਰੱਖੀਆ ਹੋਈਆਂ ਹਨ। ਸ਼ਹੀਦ ਨੂੰ ਫਾਂਸੀ ਦੇਣ ਤੋਂ ਬਾਅਦ, ਉਸ ਦੀਆਂ ਸਾਰੀਆਂ ਨਿੱਜੀ ਵਸਤਾਂ ਚੀਫ ਮੈਟਰੋਪੋਲਿਟਨ ਮੈਜਿਸਟਰੇਟ (ਲੰਦਨ) ਵੱਲੋਂ ਜ਼ਬਤ ਕਰ ਲਈਆਂ ਗਈਆਂ ਸਨ।



## "ਸ਼ਹੀਦ ਢੀਂਗੜਾ" ਸ਼ਹੀਦੇ ਆਜ਼ਮ ਦੀ ਨਜ਼ਰ ਵਿੱਚ

ਸਭ ਤੋਂ ਪਹਿਲਾ ਵਿਦਰੋਹੀ
ਤੇ ਸਭ ਤੋਂ ਪਹਿਲਾ ਸ਼ਹੀਦ
ਕਰਦਾ ਹਾਂ ਸਲਾਮ ਮੈਂ ਉਸ ਨੂੰ
ਉਸ ਦਾ ਮੈਂ ਮੁਰੀਦ
ਭਗਤ ਸਿੰਘ ਕਹਿੰਦਾ ਸੀ
ਵਾਂਗ ਸਰਾਭੇ ਮਦਨ ਲਾਲ ਵੀ
ਉਸ ਦੇ ਦਿਲ ਵਿੱਚ ਰਹਿੰਦਾ ਸੀ।

ਮਦਨ ਲਾਲ ਸਰੀਖੇ ਬੰਦੇ
ਕਦੇ ਕਦੇ ਹੀ ਆਉਂਦੇ
ਕੁਰਬਾਨੀ ਦੀ ਲਾਟ ਨੂੰ ਆਪਣੇ
ਖੂਨ ਦੇ ਨਾਲ ਜਲੌਂਦੇ
ਹਰ ਇਕ ਦੇਸ਼ ਦੇ ਵਿੱਚ ਹੁੰਦੇ ਨੇ
ਐਸ ਤਰ੍ਹਾਂ ਦੇ ਵੀਰ
ਆਪੂੰ ਤਾਂ ਚੜ੍ਹ ਜਾਂਦੇ ਸੂਲ਼ੀ
ਬਦਲ ਜਾਣ ਤਕਦੀਰ।
ਭਗਤ ਸਿੰਘ ਕਹਿੰਦਾ ਸੀ
ਵਾਂਗ ਸਰਾਭੇ ਮਦਨ ਲਾਲ ਵੀ
ਉਸ ਦੇ ਦਿਲ ਵਿੱਚ ਰਹਿੰਦਾ ਸੀ।

ਮਦਨ ਲਾਲ ਜੇ ਨੇਤਾ ਹੁੰਦਾ
ਲਿਖਦਾ ਬਾਇਓਗਰਾਫੀ
ਹੱਥੋ ਹੱਥੀ ਵਿਕ ਜਾਣੀ ਸੀ
ਉਸ ਦੀ ਜੀਵਨ ਸਾਖੀ

ਮਦਨ ਲਾਲ ਜੇ ਦੇਵਤਾ ਹੁੰਦਾ
ਤਾਂ ਲੱਖਾਂ ਪੈਰੋਕਾਰ
ਗਲੀ-ਗਲੀ ਵਿੱਚ ਚਰਚਿਤ ਹੁੰਦੇ
ਉਸ ਦੇ ਚਮਤਕਾਰ
ਮਦਨ ਲਾਲ ਦੇ ਬਚਪਨ ਦੇ ਨਾਲ
ਜੁੜੀ ਨਾ ਕੋਈ ਕਹਾਣੀ
ਉਸ ਦੀ ਕੀਤੀ ਉੱਤੇ
ਨੇਤਾਵਾਂ ਨੇ ਪਾਇਆ ਪਾਣੀ।
ਭਗਤ ਸਿੰਘ ਕਹਿੰਦਾ ਸੀ
ਵਾਂਗ ਸਰਾਭੇ ਮਦਨ ਲਾਲ ਵੀ
ਉਸ ਦੇ ਦਿਲ ਵਿੱਚ ਰਹਿੰਦਾ ਸੀ।

ਜਰਮਨ ਜੇ ਇੰਗਲੈਂਡ ਦੇ ਉੱਤੇ
ਕਬਜ਼ਾ ਹੀ ਕਰ ਲੈਂਦਾ
ਜੇ ਕੋਈ ਗੋਰਾ ਜਰਮਨ ਕੋਲੋਂ
ਇੰਜ ਹੀ ਬਦਲਾ ਲੈ ਲੈਂਦਾ
ਤਾਂ ਉਹ ਹੀਰੋ ਬਣ ਜਾਣਾ ਸੀ
ਪੂਰੇ ਇੰਗਲੈਂਡ ਦਾ
ਸਿਰ ਉੱਚਾ ਕਰ ਜਾਣਾਂ ਸੀ
ਪੂਰੇ ਇੰਗਲੈਂਡ ਦਾ
ਗੋਰਿਉ ਕਾਹਨੂੰ ਮਦਨ ਲਾਲ ਨੂੰ
ਐਵੇਂ ਭੰਡੀ ਜਾਂਦੇ
ਉਸ ਦੀ ਕੁਰਬਾਨੀ ਦੇ ਉੱਤੇ
ਮਿੱਟੀ ਕਾਹਨੂੰ ਪਾਂਦੇ
ਭਗਤ ਸਿੰਘ ਕਹਿੰਦਾ ਸੀ
ਵਾਂਗ ਸਰਾਭੇ ਮਦਨ ਲਾਲ ਵੀ
ਉਸ ਦੇ ਦਿਲ ਵਿੱਚ ਰਹਿੰਦਾ ਸੀ।



## ਜੱਦੀ ਘਰ

ਜੇ ਤੂੰ ਵੱਡਾ ਦਿਲ ਵਿਖੌਂਦੀ
ਮੈਂ ਇਹ ਗੱਲ ਨਾ ਕਹਿੰਦਾ
ਢੀਂਗੜੇ ਦਾ ਜੇ ਘਰ ਬਚੌਂਦੀ
ਕੀ ਫਰਕ ਸੀ ਪੈਂਦਾ?

ਮੈਂ ਤਾਂ ਹਾਈ ਕੋਰਟ ਜਾ ਕੇ
ਤੈਨੂੰ ਸੀ ਜਗਾਇਆ
ਸੁੱਤੀ ਹੋਈ ਸੈਂ ਤੂੰ ਸਰਕਾਰੇ
ਮੈਂ ਸੰਮਨ ਭਿਜਵਾਇਆ।

ਜੱਦੀ ਘਰ ਬਚਾ ਲਉ ਉਸਦਾ
ਮੈਂ ਸੀ ਹੋਕਾ ਲਾਇਆ
ਪਰ ਮੇਰੀ ਸਰਕਾਰੇ ਤੈਨੂੰ
ਭੋਰਾ ਤਰਸ ਨਾ ਆਇਆ।

ਤੇਰੇ ਕੋਲੇ ਇੰਨੀ ਸ਼ਕਤੀ
ਜੇਕਰ ਵਰਤੋਂ ਕਰਦੀ
ਘਰ ਦੀ ਥਾਂ ਤੇ ਮਿਊਜ਼ਿਅਮ ਹੁੰਦਾ
ਜਨਤਾ ਵਾਹਵਾਹ ਕਰਦੀ।

ਜੇਕਰ ਤੂੰ ਚਾਹੁੰਦੀ ਤਾਂ ਘਰ ਨੂੰ
ਅਕਵਾਇਰ ਕਰ ਲੈਂਦੀ
ਸਦੀਆਂ ਤਾਈਂ ਸਾਰੀ ਜਨਤਾ
ਧੰਨ-ਧੰਨ ਕਰਦੀ ਰਹਿੰਦੀ।

ਮੈਨੂੰ ਆਪਣੇ ਫੇਲ਼ ਹੋਣ ਦਾ
ਦੁੱਖ ਸਦਾ ਹੀ ਰਹਿਣਾ
ਇਸ ਤੋਂ ਜ਼ਿਆਦਾ ਇੱਕ ਸ਼ਬਦ ਵੀ
ਹੋਰ ਨਹੀਂ ਤੈਨੂੰ ਕਹਿਣਾ।

ਕਿਸੇ ਉਚਿਤ ਜਗ੍ਹਾ ਦੇ ਉੱਤੇ
ਯਾਦਗਾਰ ਬਣਵਾ ਦੇ
ਮੇਰਾ ਅਤੇ ਪੰਜਾਬ ਦੇ ਲੋਕਾਂ
ਦਾ ਉਲਾਂਭਾ ਲਾਹ ਦੇ।